ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਕਾਲਜ ਸੈਕਸ਼ਨ

ਨੰ. 932 /ਕਾਲਜਾਂ/ਸ-2

ਮਿਤੀ 16/4/25

ਪੰਜਾਬੀ ਯੂਨੀਵਰਸਿਟੀ ਨਾਲ ਸਬੰਧਤ ਸਮੂਹ,
ਲਾਅ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਨੂੰ

ਵਿਸ਼ਾ: ਸੈਸ਼ਨ 2025-26 ਦੌਰਾਨ ਲਾਅ ਕੋਰਸਾਂ ਲਈ ਮੈਨਡੇਟਰੀ ਪ੍ਰੋਫਾਰਮਾ ਤਸਦੀਕ ਕਰਨ ਅਤੇ ਪ੍ਰਿੰਸੀਪਲ ਅਤੇ ਟੀਚਿੰਗ ਸਟਾਫ ਸਬੰਧੀ।

ਸ਼ੈਸਨ 2025-26 ਦੌਰਾਨ ਲਾਅ ਕੋਰਸਾਂ ਦੇ ਦਾਖਲਿਆ ਲਈ ਪੰਜਾਬ ਸਰਕਾਰ ਦੁਆਰਾ ਨੋਟੀਫਿਕੇਸ਼ਨ ਨੰ. **HED-EDU10NOTC/1/2020-3Edu/E-13998/1/1040746/2025 Dated 25.02.2025** ਰਾਹੀਂ ਲਾਅ ਕਾਲਜਾਂ ਵਿੱਚ ਦਾਖਲਿਆ ਲਈ ਪੱਤਰ ਨਾਲ ਨੱਥੀ ਮੈਨਡੇਟਰੀ ਪ੍ਰੋਫਾਰਮਾ ਤਸਦੀਕ ਕਰਨ ਉਪਰੰਤ ਮਿਤੀ 30.04.2025 ਤੱਕ ਸਮੇਤ ਦਸਤਾਵੇਜ ਸਹਿਤ ਰਜਿਸਟਰਡ ਪੋਸਟ ਰਾਹੀਂ ਅਤੇ ਈ-ਮੇਲ punjablawadmissions@gndu.ac.in (PDF format ਵਿੱਚ) ਰਾਹੀਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਮੁਹੱਈਆ ਕਰਵਾਇਆ ਜਾਣਾ ਹੈ।

ਪੰਜਾਬ ਸਰਕਾਰ ਦੁਆਰਾ ਉੱਕਤ ਨੋਟੀਫਿਕੇਸ਼ਨ ਅਨੁਸਾਰ ਲਾਅ ਕੋਰਸਾਂ ਵਿੱਚ ਐਂਟਰੀ ਪੁਆਇੰਟ ਦੇ ਦਾਖਲਿਆ ਲਈ ਕਾਲਜ ਦਾ ਨਾਂ ਕਾਊਸਲਿੰਗ ਵਿਖੇ ਸਾਮਲ ਕਰਨ ਹਿੱਤ ਸਬੰਧਤ ਲਾਅ ਕਾਲਜ ਮੈਨਡੇਟਰੀ ਪ੍ਰੋਫਾਰਮਾ (ਪੱਤਰ ਨਾਲ ਨੱਥੀ) ਡੀਨ ਕਾਲਜ ਵਿਕਾਸ ਕੌਂਸਲ ਵੱਲੋਂ counter Sign ਕਰਵਾਉਣ ਲਈ ਮੈਨਡੇਟਰੀ ਪ੍ਰੋਫਾਰਮਾ ਅਨੁਸਾਰ ਮੰਗੀ ਗਈ ਜਾਣਕਾਰੀ ਸਬੰਧੀ ਦਸਤਾਵੇਜ ( ਜਿਵੇਂ ਕਾਲਜ ਦਾ ਸਬੰਧਤਾ ਪੱਤਰ, ਬਾਰ ਕੌਂਸਲ ਦੀ ਪਹਿਲੀ ਪ੍ਰਵਾਨਗੀ, ਸੈਸ਼ਨ 2025-26 ਦੇ ਲਈ ਭਰੀ ਗਈ ਫੀਸ ਤੋਂ ਇਲਾਵਾ ਚਲਦੇ ਕੋਰਸਾਂ ਲਈ ਯੂਨੀ. ਨਿਯਮਾਂ ਅਨੁਸਾਰ ਨਿਯੁਕਤ ਟੀਚਿੰਗ ਸਟਾਫ ਦੀ ਲਿਸਟ ਸਮੇਤ ਪ੍ਰਵਾਨਗੀ ਪੱਤਰ ਅਤੇ ਨਵੀਂ ਹੋਈ ਸਿਲੈਕਸ਼ਨ ਦੀ ਚੋਣ ਕਮੇਟੀ ਦੀ ਕਾਰਵਾਈ) ਆਦਿ ਦੀਆਂ ਤਸਦੀਕਸ਼ੁਦਾ ਕਾਪੀਆਂ ਦੇ ਦੋ ਸੈਟ ਦਫਤਰ ਵਿਖੇ ਮਿਤੀ 22.04.2025 ਤੱਕ ਤੁਰੰਤ ਜਮਾਂ ਕਰਵਾਏ ਜਾਣ।

ਜਿੰਨਾ ਲਾਅ ਕਾਲਜਾਂ ਵਿੱਚ ਰੈਗੂਲਰ ਪ੍ਰਿੰਸੀਪਲ ਅਤੇ ਲੋੜੀਂਦੇ ਟੀਚਿੰਗ ਸਟਾਫ ਦੀ ਨਿਯੁਕਤੀ ਦਾ 2/3 ਹਿੱਸਾ ਯੂਨੀਵਰਸਿਟੀ ਨਿਯਮਾਂ ਅਨੁਸਾਰ (ਯੂਨੀਵਰਸਿਟੀ ਚੋਣ ਕਮੇਟੀ ਰਾਹੀਂ) ਨਹੀਂ ਹੈ, ਉਹ ਕਾਲਜ ਇਸ ਪੱਤਰ ਨਾਲ ਨੱਥੀ ਸਬਦਾਵਲੀ ਅਨੁਸਾਰ ਅਸਲ ਹਲਫੀਆ ਬਿਆਨ First Class Magistrate ਤੋਂ ਤਸਦੀਕ ਕਰਵਾ ਕੇ ਤੁਰੰਤ ਹਸਤਾਖਰ-ਕਰਤਾ ਦੇ ਦਫਤਰ ਵਿਖੇ ਜਮ੍ਹਾਂ ਕਰਵਾਉਣ।

ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵੀ ਸਬੰਧਤ ਕਾਲਜ ਵੱਲ ਕਿਸੇ ਵੀ ਕਿਸਮ ਦਾ ਕੋਈ ਬਕਾਇਆ (ਜਿਵੇ 2017-20 ਦਾ ਜੀ.ਐਸ.ਟੀ., ਕਾਲਜ/ਕੋਰਸ ਕੰਟੀਨਿਊਸ਼ਨ ਫੀਸਾਂ, ਐਫ.ਡੀ.ਆਰ., ਐਫ.ਡੀ.ਆਰ. ਦੇ ਸਰਵਿਸ ਚਾਰਜ ਆਦਿ ਦੇ ਬਕਾਏ ਜਾਂ ਕੋਈ ਵੀ ਜੁਰਮਾਨਾ) ਹੈ ਤਾਂ ਪਹਿਲਾਂ ਇਸ ਨੂੰ ਕਲੀਅਰ ਕੀਤਾ ਜਾਵੇ। ਇਸ ਉਪਰੰਤ ਹੀ ਮੈਨਡੇਟਰੀ ਪ੍ਰੋਫਾਰਮਾ ਜਾਰੀ ਕਰਨ ਸਬੰਧੀ ਕਾਰਵਾਈ ਕੀਤੀ ਜਾਵੇਗੀ।

ਜੇਕਰ ਸਬੰਧਤ ਦਸਤਾਵੇਜ ਕਾਲਜ ਵੱਲੋਂ ਦਫਤਰ ਵਿਖੇ ਸਮੇਂ ਸਿਰ ਜਮ੍ਹਾਂ ਨਹੀਂ ਕਰਵਾਏ ਜਾਂਦੇ ਅਤੇ ਦਾਖਲਿਆ ਵਿੱਚ ਕੋਈ ਦੇਰੀ ਹੁੰਦੀ ਹੈ ਤਾਂ ਇਸ ਦੀ ਸਾਰੀ ਜਿੰਮੇਵਾਰੀ ਕਾਲਜ ਮੈਨੇਜਮੈਂਟ ਦੀ ਹੋਵੇਗੀ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

16/04/25

ਡੀਨ, ਕਾਲਜ ਵਿਕਾਸ ਕੌਂਸਲ

23K

# ਹਲਫੀਆ ਬਿਆਨ

ਮੈਂ .......................................... ਚੇਅਰਮੈਨ/ਸਕੱਤਰ (ਕਾਲਜ ਦਾ ਨਾਮ) ........................................................................................ ਹਲਫ ਨਾਲ ਬਿਆਨ ਕਰਦਾ/ਕਰਦੀ ਹਾਂ ਕਿ ਸੈਸ਼ਨ 2025-26 ਦੌਰਾਨ ਲਾਅ ਕਾਲਜਾਂ ਦੇ ਦਾਖਲਿਆਂ ਸਬੰਧੀ **ਪੰਜਾਬ ਸਰਕਾਰ ਦੁਆਰਾ ਨੋਟੀਫਿਕੇਸ਼ਨ ਨੰ. HED-EDU10NOTC/1/2020-3Edu/E-13998/1/1040746/2025 Dated 25.02.2025** ਦੇ ਸਬੰਧ ਵਿਚ ਡੀਨ, ਕਾਲਜ ਵਿਕਾਸ ਕੌਂਸਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਦਫਤਰ ਵਿਖੇ ਲਾਅ ਕਾਲਜਾਂ ਵਿਚ ਸੈਸ਼ਨ 2025-2026 ਲਈ ਵਿਦਿਆਰਥੀਆਂ ਦੇ ਦਾਖਲੇ ਸਬੰਧੀ ਮੈਨਡੇਟਰੀ ਪ੍ਰੋਫਾਰਮਾ ਦੇ ਨਾਲ ਦਿੱਤੀ ਗਈ ਜਾਣਕਾਰੀ ਅਤੇ ਕਾਲਜ ਦੇ ਪ੍ਰਿੰਸੀਪਲ ਤੋ ਇਲਾਵਾ ਟੀਚਿੰਗ ਸਟਾਫ ਸਬੰਧੀ ਦਸਤਾਵੇਜ ਸਹੀ ਵਾ ਦਰੁਸਤ ਹਨ।

ਇਹ ਵੀ ਬਿਆਨ ਕਰਦਾ/ਕਰਦੀ ਹਾਂ ਕਿ ਸੈਸ਼ਨ 2025-2026ਦੋਰਾਨ ਲਾਅ ਕਾਲਜਾਂ ਦੇ ਦਾਖਲਿਆ ਸਬੰਧੀ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫੀਕੇਸ਼ਨ ਨੰ. **HED-EDU10NOTC/1/2020-3Edu/E-13998/1/1040746/2025 Dated 25.02.2025** ਦੀ ਲੋਅ ਵਿੱਚ Common Entrance test (CET) and Centralized Counseling ਲਈ ਨਾਮਜਦ ਕੋਆਡੀਨੇਟਰ ਦਾਖਲਾ ਸੈੱਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆ ਨਿਰਧਾਰਿਤ ਹਦਾਇਤਾਂ/ਸ਼ਡਿਊਲ ਅਨੁਸਾਰ ਹੀ ਦਾਖਲੇ ਕੀਤੇ ਜਾਣਗੇ ਅਤੇ ਉਹਨਾ ਵੱਲੋਂ ਨਿਰਧਾਰਿਤ ਨਿਯਮਾਂ ਦੀ ਪਾਲਣਾ ਕਰਨ ਦਾ ਪਾਬੰਦ ਹੋਵਾਂਗਾ/ਹੋਵਾਂਗੀ ।ਇਸ ਤੋ ਇਲਾਵਾ ਜੇਕਰ ਕਾਲਜ ਵਿਖੇ ਲਾਅ ਕਾਲਜਾਂ ਵਿੱਚ ਸੀਟਾ ਖਾਲੀ ਰਹਿ ਜਾਦੀਆਂ ਹਨ ਤਾਂ ਉਹਨਾ ਦੇ ਦਾਖਲੇ ਮੈ ਆਪਣੇ/ਕਾਲਜ ਮੈਨੇਜਮੈਂਟ ਪੱਧਰ ਤੇ ਨਹੀਂ ਕਰਾਂਗਾ। ਖਾਲੀ ਸੀਟਾਂ ਦੇ ਦਾਖਲੇ ਵੀ ਲਾਅ ਕਾਲਜਾਂ ਕੋਆਡੀਨੇਟਰ ਦੀਆਂ ਹਦਾਇਤਾ/ਸ਼ਡਿਊਲ ਅਨੁਸਾਰ ਹੀ ਕਰਨ ਦਾ ਪਾਬੰਦ ਹੋਵਾਂਗਾ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਲਾਅ ਕਾਲਜ ਕੋਆਡੀਨੇਟਰ/ਪੰਜਾਬ ਸਰਕਾਰ/ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਮੇਰੇ ਕਾਲਜ ਵਿਰੱਧ ਕੋਈ ਅਨੁਸਾਸ਼ਨਿਕ/ਪ੍ਰਸ਼ਾਸਨਿਕ ਕਾਰਵਾਈ ਕੀਤੀ ਜਾਦੀ ਹੈ ਤਾਂ ਮੰਨਣ ਦਾ ਪਾਬੰਦ ਹੋਵਾਂਗਾ।

ਇਹ ਵੀ ਬਿਆਨ ਕਰਦਾ/ਕਰਦੀ ਹਾਂ ਕਿ ਸੈਸ਼ਨ 2025-2026 ਦੋਰਾਨ ਲਾਅ ਕੋਰਸ ਦੀ ਪੜਾਈ ਸੁਰੂ ਹੋਣ ਤੋ ਪਹਿਲਾ ਪਹਿਲਾ ਪ੍ਰਿੰਸੀਪਲ/ਟੀਚਿੰਗ ਸਟਾਫ ਦੀ ਨਿਯੁਕਤੀ UGC/ਯੂਨੀਵਰਸਿਟੀ ਨਿਯਮਾ ਅਨੁਸਾਰ ਰੈਗੂਲਰ ਅਧਾਰ ਤੇ ਕਰਨ ਦਾ ਪਾਬੰਦ ਹੋਵਾਗਾਂ। ਇਹ ਵੀ ਬਿਆਨ ਕਰਦਾ/ਕਰਦੀ ਹਾਂ ਕਿ ਵਿਦਿਆਰਥੀਆਂ ਦੇ ਡੰਮੀ ਦਾਖਲੇ ਨਹੀ ਕਰਾਂਗਾ।ਵਿਦਿਆਰਥੀਆਂ ਦੀ ਪੜਾਈ ਰੈਗੂਲਰ ਕਲਾਸਾਂ ਰਾਹੀ ਪੜਾਈ ਕਰਵਾਉਣ ਦਾ ਪਾਬੰਦ ਹੋਵਾਂਗਾ।ਯੂਨੀਵਰਸਿਟੀ ਆਪਣੇ ਪੱਧਰ ਤੇ ਜਦੋ ਮਰਜੀ ਆਪਣੇ ਨੁਮਾਇੰਦੇ ਭੇਜ ਕੇ ਕਾਲਜ ਵਿਖੇ ਇਨ੍ਹਾਂ ਤੱਥਾ ਦੀ ਪੜਤਾਲ ਕਰਵਾ ਸਕਦੀ ਹੈ ਅਤੇ ਸਰਤਾਂ ਦੀ ਪੂਰਤੀ ਨਾ ਕਰਨ ਦੀ ਸੂਰਤ ਵਿੱਚ ਜੇਕਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਮੇਰੇ ਕਾਲਜ ਵਿਰੱਧ ਕੋਈ ਅਨੁਸਾਸ਼ਨਿਕ/ਪ੍ਰਸ਼ਾਸਨਿਕ ਕਾਰਵਾਈ ਕੀਤੀ ਜਾਦੀ ਹੈ ਤਾਂ ਮੰਨਣ ਦਾ ਪਾਬੰਦ ਹੋਵਾਂਗਾ ਅਤੇ ਇਸ ਸਬੰਧੀ ਮੈਨੂੰ ਕੋਈ ਇਤਰਾਜ ਨਹੀ ਹੋਵੇਗਾ।

ਬਿਆਨਕਾਰ

# GURU NANAK DEV UNIVERSITY, AMRITSAR

(University Established by the State Legislature Act No. 21 of 1969)
Accredited at 'A++' grade (highest level as per modified criteria) by NAAC and conferred "University with Potential for Excellence" status by UGC


**Punjab Law Admissions-2025**

No: 13 /PLA/25 Date: 02/04/2025

ਡੀਨ, ਕਾਲਜ ਵਿਕਾਸ ਕੌਂਸਲ
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ
ਸ਼੍ਰੀ ਗੁਰੂ ਤੇਗ ਬਹਾਦੁਰ ਸਟੇਟ ਲਾਅ ਯੂਨੀਵਰਸਿਟੀ, ਤਰਨ ਤਾਰਨ

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੂੰ ਪੰਜਾਬ ਸਰਕਾਰ ਦੁਆਰਾ ਨੋਟੀਫੀਕੇਸ਼ਨ ਨੰਬਰ **HED-EDU10NOTC/1/2020-3Edu/E-13998/I/1040746/2025Dated 25/02/2025** ਰਾਹੀਂ ਪੰਜਾਬ ਦੀਆਂ ਚਾਰ ਯੂਨੀਵਰਸਿਟੀਆਂ (ਸ੍ਰੀ ਗੁਰੂ ਤੇਗ ਬਹਾਦੁਰ ਸਟੇਟ ਯੂਨੀਵਰਸਿਟੀ ਆਫ ਲਾਅ ਤਰਨਤਾਰਨ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) ਦੇ ਪੰਜਾਬ ਵਿੱਚ ਸਥਿਤ ਵਿਭਾਗਾਂ ਅਤੇ ਐਫੀਲੀਏਟਡ ਲਾਅ ਕਾਲਜਾਂ ਵਿੱਚ ਸ਼ੈਸਨ 2025-26 ਦੇ ਦਾਖਲੇ ਲਈ ਸੈਂਟਰਲਾਈਜ਼ ਆਨ ਲਾਈਨ ਕੌਂਸਲਿੰਗ ਦਾ ਕੰਮ ਸੌਂਪਿਆ ਗਿਆ ਹੈ।

ਉਪਰੋਕਤ ਦੇ ਸਬੰਧ ਵਿੱਚ ਲਾਅ ਦੇ ਦਾਖਲੇ ਲਈ ਸੈਂਟਰਲਾਈਜ਼ ਆਨ ਲਾਈਨ ਕੌਂਸਲਿੰਗ ਦੇ ਕੰਮ ਨੂੰ ਨਿ:ਵਿਘਨ ਤਰੀਕੇ ਨਾਲ ਚਲਾਉਣ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪੱਤਰ ਨਾਲ ਨੱਥੀ ਮੇਨਡੇਟਰੀ ਪਰਫਾਰਮਾ ਆਪ ਜੀ ਦੀ ਯੂਨੀਵਰਸਿਟੀ ਨਾਲ ਸਬੰਧਿਤ ਐਫੀਲਿਏਟਡ ਕਾਲਜਾਂ/ਵਿਭਾਗਾਂ ਤੋਂ ਭਰਵਾ ਕੇ ਸਬੰਧਿਤ ਯੂਨੀਵਰਸਿਟੀ ਦੇ ਡੀਨ, ਕਾਲਜ ਵਿਕਾਸ ਕੌਂਸਲ ਪਾਸੋਂ ਡਿਊਲੀ ਹਸਤਾਖਰ ਕਰਵਾ ਕੇ ਨਿਮਨਹਸਤਾਖਰੀ ਜੀ ਨੂੰ ਮਿਤੀ **30**.04.2025 ਤੱਕ ਸਾਰੇ ਦਸਤਾਵੇਜ਼ਾਂ ਸਹਿਤ ਰਜਿਸਟਰਡ ਪੋਸਟ ਰਾਹੀਂ ਅਤੇ ਈ-ਮੇਲ punjablawadmissions@gndu.ac.in (PDF format ਵਿਚ) ਰਾਹੀਂ ਮੁਹੱਈਆ ਕਰਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ। 2024-25 ਦੇ ਪ੍ਰਾਸਪੈਕਟਸ ਨੂੰ ਧਿਆਨ ਵਿਚ ਰੱਖਕੇ ਸੰਬੰਧਤ ਯੂਨੀਵਰਸਿਟੀ ਤੋਂ eligibility conditions ਦੇ ਸਬੰਧ ਵਿਚ ਕੋਈ ਤਬਦੀਲੀ ਬਾਰੇ ਵੀ ਉਪਰੋਕਤ ਈ-ਮੇਲ ਰਾਹੀਂ ਹੀ ਜਾਣਕਾਰੀ ਮੁਹੱਈਆ ਕਰਵਾਈ ਜਾਵੇ, ਜੀ।

ਨੱਥੀ: ਮੇਨਡੇਟਰੀ ਪਰਫਾਰਮਾ, ਪ੍ਰਾਸਪੈਕਟਸ ਸਾਲ 2024-25।

(ਪ੍ਰੋ. (ਡਾ.) ਅਮਿਤ ਕੋਟਸ)
ਕੋ-ਆਰਡੀਨੇਟਰ
ਪੰਜਾਬ ਲਾਅ ਦਾਖਲੇ- 2025

21/C

**Mandatory Proforma to be submitted by Deptt/College/Institutions for Punjab Law Admissions**

(Any college not filling this document shall not be permitted to admit students for the session **2025-26**)

1. Name of the College/Deptt/Institution
2. Name of the Principal/Head
3. E-mail address
4. Phone No. of the Principal/Head
5. List of courses being run under Bar Council and approved student intake course wise as per BCI (attach letter)
   - B.A.LL.B. (Hons.) – 5 years
   - B.A.LL.B. – 5 years
   - LL.B. – 3 years
   - B.Com.LL.B. (Hons.) – 5 years
   - B.Com.LL.B – 5 years
   - B.B.A.LL.B. – 5 years
6. Name and contact details (i.e. Mob. No., Email, Designation etc.) of Local Co-ordinator for course wise-
   - B.A.LL.B. (Hons.) – 5 years
   - B.A.LL.B. – 5 years
   - LL.B. – 3 years
   - B.Com.LL.B. (Hons.) – 5 years
   - B.Com.LL.B – 5 years
   - B.B.A.LL.B. – 5 years

**(All the numbers/emails will be added officially in the whatsapp/google group for disseminating the information)**

7. Approval of Bar Council number under which college was granted permission to open the college (Attach a copy and also attach a copy of the recent affiliation/fees paid)
8. Attach a copy of fee receipt paid to Bar council for year relevant to session 2025-26
9. Nature of College/Dptt./Institution (Govt./Govt. Aided/Self-Financed)

## Declaration

I/we have read the Norms of Bar Council for Punjab Law Admissions 2025-26 and fulfil all the conditions for the same.

*Name of the Principal/Head

*Signature of the Principal/Head____________________

Date______________

Place_____________

Recommended & Forwarded

Dean, Colleges Development Council of the affiliating University*

*(All signatures must be accompanied by the respective official seal).